ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.),
ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)।

ਮੀਮੋ ਨੰ: ADO(6) 556/2017/112
ਮਿਤੀ 14-09-2017

ਵਿਸ਼ਾ :- **ਸਕੂਲਾਂ ਵਿੱਚ ਸਵੱਛਤਾ ਪਖਵਾੜੇ ਤਹਿਤ ਸਹੁੰ ਚੁੱਕ ਸਮਾਰੋਹ ਸਬੰਧੀ।**

ਹਵਾਲਾ: ਮੀਮੋ ਨੰ. ਐਸ.ਐਮ.ਏ./ਸਿ.ਵ./2017/9192 ਮਿਤੀ 29-08-2017 ਅਤੇ ਐਸ.ਐਮ.ਏ./ਸਿ.ਵ./2017/9348 ਮਿਤੀ 01-09-2017

1.0 ਉਕਤ ਵਿਸ਼ੇ ਤੇ ਹਵਾਲਾ ਤਹਿਤ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਭਾਰਤ ਸਰਕਾਰ ਦੇ ਪੱਤਰ ਨੰ. F27-8/2014-EE,16 dated 1-8-2017 ਰਾਹੀਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਰਾਜ ਦੇ ਸਮੂਹ ਸਕੂਲਾਂ ਵਿੱਚ ਸਵੱਛਤਾ ਪਖਵਾੜਾ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਿਤੀ 01-09-2017 ਨੂੰ ਸਵੱਛਤਾ ਸੰਕਲਪ ਲਈ ਸਹੁੰ ਚੁੱਕੀ ਗਈ। ਇਸ ਦੇ ਨਾਲ ਹੀ ਇਸ ਪਖਵਾੜੇ ਦੌਰਾਨ ਸਕੂਲਾਂ ਵਿੱਚ ਸਵੱਛਤਾ ਜਾਗਰੂਕਤਾ ਮੁਹਿੰਮ, ਵੱਖ-ਵੱਖ ਪ੍ਰਤੀਯੋਗਤਾਵਾ, ਹਰੇ-ਭਰੇ ਵਾਤਾਵਰਨ ਲਈ ਯਤਨ, ਨਹੁੰ ਕੱਟਣਾ, ਹੱਥ ਧੋਣ ਤੇ ਨਿੱਜੀ ਸਫਾਈ ਦੇ ਨਾਲ-ਨਾਲ ਸਵੱਛਤਾ ਸਕੂਲ ਪ੍ਰਦਰਸ਼ਨੀਆਂ ਵੀ ਲਗਾਈਆਂ ਜਾ ਰਹੀਆਂ ਹਨ।

3.0 ਉਕਤ ਦੇ ਸਨਮੁੱਖ ਮਾਨਯੋਗ ਮੁੱਖ ਸਕੱਤਰ, ਪੰਜਾਬ ਵੱਲੋਂ ਮਿਤੀ 13-09-2017 ਨੂੰ ਵੱਖ ਵੱਖ ਵਿਭਾਗਾਂ ਨਾਲ ਮੀਟਿੰਗ ਕੀਤੀ ਗਈ, ਮੀਟਿੰਗ ਵਿੱਚ ਲਏ ਫੈਸਲੇ ਦੇ ਸਨਮੁੱਖ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰੀ ਸਕੂਲਾਂ ਵਿੱਚ ਮਿਤੀ 15-09-2017 ਨੂੰ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਮਿਤੀ 25-09-2017 ਨੂੰ ਸਮੂਹ ਸਕੂਲਾਂ (ਸਰਕਾਰੀ/ਪ੍ਰਾਇਵੇਟ) ਦੇ ਮੁੱਖੀ, ਸਟਾਫ ਅਤੇ ਬੱਚਿਆਂ ਸਮੇਤ ਸਕੂਲ ਅਤੇ ਸਕੂਲ ਦੇ ਆਲੇ ਦੁਆਲੇ ਦੀ ਸਫ਼ਾਈ ਕਰਨਗੇ ਅਤੇ ਸਮੂਹ ਪ੍ਰਾਈਵੇਟ ਸਕੂਲ ਮਿਤੀ 25-09-2017 ਨੂੰ ਸਵੱਛਤਾ ਸੰਕਲਪ ਦੀ ਸਹੁੰ ਚੁੱਕਣਗੇ।

4.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੱਥੀ: 1. ਐਕਸ਼ਨ ਪਲਾਨ ਦੀ ਕਾਪੀ
2. ਸਵੱਛਤਾ ਸਹੁੰ ਦੀ ਕਾਪੀ

ਸਕੱਤਰ ਸਕੂਲ ਸਿੱਖਿਆ,
ਪੰਜਾਬ।

ਪਿੱਠ ਅੰਕਣ ਨੰ. ਉਕਤ ਮਿਤੀ 14/09/2017

ਉਪਰੋਕਤ ਦਾ ਉਤਾਰਾ ਸਮੂਹ ਡਿਪਟੀ ਕਮਿਸ਼ਨਰਜ਼ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-
ਸਕੱਤਰ ਸਕੂਲ ਸਿੱਖਿਆ,
ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅੰਮ੍ਰਿਤਸਰ
ਪੱਤਰ ਨੰ. ਜੀ-4/2017-1101 ਮਿਤੀ ਅੰਮ੍ਰਿਤਸਰ: 18/9/17
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ।